# ਸਿਟੀ ਵਿਖੇ ਕੀ ਕੁਝ ਨਵਾਂ ਹੈ ਮਈ 2018

ABBOTSFORD

## ਸਿਟੀ ਕੌਂਸਲ ਵੱਲੋਂ ਅੱਪਡੇਟ

ਐਬਟਸਫੋਰਡ ਸਿਟੀ ਕੌਂਸਲ ਵੱਲੋਂ ਮੈਨੂੰ ਮਾਣ ਨਾਲ ਇਹ ਦੱਸਣ ਦੀ ਖੁਸ਼ੀ ਹੋ ਰਹੀ ਹੈ ਕਿ ਸ਼ਹਿਰ ਨੇ 2017 ਦੌਰਾਨ ਕਈ ਪ੍ਰਾਪਤੀਆਂ ਕੀਤੀਆਂ ਸਨ ਅਤੇ ਹੁਣ 2018 ਵਿੱਚ ਕੁੱਝ ਚਾਲੂ ਉਪਰਾਲੇ ਜਾਰੀ ਹਨ।

ਇਸ ਸਾਰੇ ਕੰਮ ਲਈ ਕੌਂਸਲ ਦੀ 2015-2018 ਦੀ ਸਟ੍ਰੀਜਿਕ ਪਲੈਨ ਤੋਂ ਸੇਧ ਮਿਲ ਰਹੀ ਹੈ, ਜਿਸ ਵਿੱਚ ਐਬਟਸਫੋਰਡ ਨੂੰ ਫਰੇਜ਼ਰ ਵੈਲੀ ਦੇ ਧੁਰੇ ਤੇ ਤੌਰ ਤੇ ਕਿਆਸ ਕੀਤਾ ਗਿਆ ਹੈ।ਸਾਡੇ ਵੱਲੋਂ ਕੀਤਾ ਜਾਂਦਾ ਹਰੇਕ ਫੈਸਲਾ- ਕੌਂਸਲ ਦੇ ਪੱਧਰ ‘ਤੇ ਅਤੇ ਸਾਰੇ ਸਟਾਫ ਵੱਲੋਂ- ਇਸ ਯੋਜਨਾ ਦੇ ਚਾਰ ਮੁੱਖ ਅਧਾਰਾਂ ਦੀ ਸੇਧ ਨਾਲ ਹੁੰਦਾ ਹੈ: ਮਜ਼ਬੂਤ ਆਰਥਿਕਤਾ, ਮੁਕੰਮਲ ਭਾਈਚਾਰਾ, ਵਿੱਤੀ ਅਨੁਸ਼ਾਸਨ ਅਤੇ ਜਥੇਬੰਦਕ ਇੱਕਸੁਰਤਾ।ਸਾਡੀ ਸਟ੍ਰੀਜਿਕ ਪਲੈਨ ਦੇ ਵੇਰਵੇ ਸਾਡੀ ਵੈੱਬਸਾਈਟ **abbotsford.ca/strategic.** ਤੇ ਉਪਲਬਧ ਹਨ।ਅਸੀਂ ਆਪਣੀਆਂ ਸਾਲਾਨਾ ਪ੍ਰਾਪਤੀਆਂ ਬਾਰੇ ਮਈ ਦੇ ਅਖੀਰ ਤੇ ਆਪਣੀ ਸਾਲਾਨਾ ਰਿਪੋਰਟ ਵਿੱਚ ਜਾਣਕਾਰੀ ਦਿੰਦੇ ਹਾਂ ਜਿਹੜੀ **abbotsford.ca/annualreport**. ਤੇ ਵੇਖੀ ਜਾ ਸਕਦੀ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਵੇਖੋ!

ਅਸੀਂ ਪਿਛਲੇ 3 ½ ਸਾਲਾਂ ਦੌਰਾਨ ਕਈ ਅਹਿਮ ਪ੍ਰਾਪਤੀਆਂ ਕੀਤੀਆਂ ਹਨ।ਭਾਵੇਂ ਅਸੀਂ ਕਾਫੀ ਕੁਝ ਪ੍ਰਾਪਤ ਕਰ ਲਿਆ ਹੈ, ਪਰ ਕਾਫੀ ਕੁਝ ਕਰਨਾ ਅਜੇ ਬਾਕੀ ਹੈ। ਪਿਛਲੇ ਸਾਲ ਸਿਟੀ ਨੇ ਪਲੈਨ200ਕੇ ਲਾਂਚ ਕੀਤੀ ਸੀ, ਜਿਹੜੀ ਇੱਕ ਵਿਸਤ੍ਰਿਤ ਯੋਜਨਾ ਪ੍ਰਕਿਰਿਆ ਹੈ ਜਿਸ ਵਿੱਚ 20 ਅਲੱਗ ਅਲੱਗ ਮਾਸਟਰ ਪਲੈਨਾਂ, ਨੇਬਰਹੁੱਡ ਪਲੈਨਾਂ, ਸਟੱਡੀਜ਼ ਅਤੇ ਪ੍ਰੋਜੈਕਟ ਸ਼ਾਮਲ ਹਨ ਜਿਹੜੇ ਸਿਟੀ ਨੂੰ 200,000 ਵਸਨੀਕਾਂ ਦੇ ਸ਼ਹਿਰ ਵਜੋਂ ਵਿਕਸਤ ਹੋਣ ਵਿੱਚ ਸੇਧ ਦੇਣਗੇ। ਇਹਨਾਂ ਵਿੱਚੋਂ ਬਹੁਤੀਆਂ ਪਲੈਨਾਂ ਜਲਦੀ ਹੀ ਸਿਰੇ ਚੜ੍ਹ ਜਾਣਗੀਆਂ ਅਤੇ ਅਸੀਂ ਭਵਿੱਖ ਲਈ ਵਧੇਰੇ ਤਿਆਰ ਹੋਵਾਂਗੇ।

ਮੇਰੇ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਸਾਡਾ ਵਿਜ਼ਨ ਸਾਕਾਰ ਹੋਣ ਵੱਲ ਵੱਧ ਰਿਹਾ ਹੈ। ਇਸ ਖੁਸ਼ੀ ਦਾ ਇੱਕ ਕਾਰਨ ਇਹ ਹੈ ਕਿ ਸਾਡੀਆਂ ਪਲੈਨਾਂ ਸਿਟੀ ਦੇ ਸਟਾਫ ਵੱਲੋਂ ਤੁਹਾਡੇ ਨਾਲ ਕੀਤੇ ਸਲਾਹ-ਮਸ਼ਵਰੇ ਅਤੇ ਸਾਂਝਦਾਰੀ ਦਾ ਨਤੀਜਾ ਹਨ। ਤੁਸੀਂ ਔਨਲਾਈਨ ਸਰਵੇਖਣਾਂ, ਓਪਨ ਹਾਊਸਜ਼ ਅਤੇ ਜਨਤਕ ਸਮਾਗਮਾਂ ਰਾਹੀਂ ਇਹਨਾਂ ਮਹੱਤਵਪੂਰਣ ਸੇਧਾਂ ਦੀ ਵਿਓਂਤਬੰਦੀ ਵਿੱਚ ਮੱਦਦ ਕਰ ਰਹੇ ਹੋ।

**Mayor Henry Braun**


## 2017 ਦੀਆਂ ਮੁੱਖ ਪ੍ਰਾਪਤੀਆਂ

- **ਪਲੈਨ200ਕੇ** ਪ੍ਰੋਜੈਕਟ ਲਾਂਚ ਕੀਤਾ ਅਤੇ 20 ਮਾਸਟਰ ਪਲੈਨਾਂ, ਕਾਰਜ ਨੀਤੀਆਂ ਤੇ ਅਧਿਨਿਯਮਾਂ ਨੂੰ ਅੱਪਡੇਟ ਕਰਕੇ ਸਿਟੀ ਦੀ **ਆਫਿਸ਼ੀਅਲ ਕਮਿਊਨਿਟੀ** ਪਲੈਨ ਨਾਲ ਇੱਕ-ਸੁਰ ਕਰਨ ਦੀ ਆਰੰਭਤਾ ਹੋਈ।
- ਇੱਕ ਨਵੀਂ **City Services App, @Abbotsford** ਲਾਂਚ ਕੀਤੀ ਜਿਹੜੀ ਵਸਨੀਕਾਂ ਨੂੰ **ਸਿਟੀ ਨਾਲ ਜੁੜੇ ਰਹਿਣ** ਅਤੇ ਸਮਾਰਟ ਫੋਨ ਰਾਹੀਂ ਮਸਲਿਆਂ ਬਾਰੇ ਸਿੱਧੀ ਜਾਣਕਾਰੀ ਦੇਣ ‘ਚ ਮੱਦਦ ਕਰਦੀ ਹੈ।
- ਐਬਟਸਫੌਰਵਰਡ ਆਫਿਸ਼ੀਅਲ ਕਮਿਊਨਿਟੀ ਪਲੈਨ ਪ੍ਰੋਜੈਕਟ ਲਈ ਪਲੈਨਿੰਗ ਇੰਸਟੀਚੂਟ ਆਫ ਬੀਸੀ ਤੋਂ **Excellence in Policy Planning GOLD Award** ਅਤੇ **Planning Excellence** ਲਈ 2017 ਦਾ ਕਨੇਡੀਅਨ ਇੰਸਟੀਚੂਟ ਆਫ ਪਲੈਨਰਜ਼ ਅਵਾਰਡ ਪ੍ਰਾਪਤ ਕੀਤਾ।
- **ਵਾਈ ਰੋਡ** ਨੂੰ ਚੌੜਾ ਕਰਨ ਅਤੇ ਹਾਈਵੇ 11 ਤੇ ਓਵਰਪਾਸ ਬਣਾਉਣ ਲਈ **ਫੈਡਰਲ, ਸੂਬਾਈ ਅਤੇ ਸਥਾਨਕ ਪੱਧਰ ਤੋਂ $30 ਮਿਲੀਅਨ** ਮਿਲੇ ਜਿਸ ਨਾਲ **ਕੈਨੇਡਾ-ਅਮਰੀਕਾ ਬਾਰਡਰ ਲਾਂਘੇ** ਅਤੇ **YXX** ਲਈ ਜਾਣਾ ਸੌਖਾ ਹੋਵੇਗਾ।
- **ਸਾਲਟਨ ਰੋਡ ਪੈਦਲ/ਸਾਈਕਲ ਚਾਲਕਾਂ ਲਈ ਪੁਲ** ਦਾ ਐਲਾਨ ਕੀਤਾ ਜਿਸ ਨਾਲ ਆਵਾਜਾਈ ਅਤੇ ਸੁਰੱਖਿਆ ਵਿੱਚ ਸੁਧਾਰ ਹੋਵੇਗਾ ਅਤੇ ਸਾਡੇ **ਸਰਗਰਮ ਆਵਾਜਾਈ ਸਿਸਟਮ** ਬਿਹਤਰ ਬਣਨਗੇ।

## ਐਬਟਸਫੋਰਡ ਸਿਟੀ ਕੌਂਸਲ



ਮੇਅਰ ਹੈਨਰੀ ਬਰਾਨ | ਕੌਂਸਲਰ ਲੈੱਸ ਬਾਰਕਮੈਨ | ਕੌਂਸਲਰ ਸੈਂਡੀ ਬਲੂ | ਕੌਂਸਲਰ ਕੈਲੀ ਚਾਹਲ | ਕੌਂਸਲਰ ਬਰਿੰਡਾ ਫੌਕ | ਕੌਂਸਲਰ ਮੋਅ ਗਿੱਲ | ਕੌਂਸਲਰ ਡੇਵ ਲੋਇਵਨ | ਕੌਂਸਲਰ ਪੈਟਰੀਸ਼ੀਆ ਰੌਸ | ਕੌਂਸਲਰ ਰੌਸ ਸੀਮਨਜ਼




*ਯੁਟਿਲਿਟੀ ਯੂਜ਼ਰ ਫੀਸ ਵਿੱਚ ਕੰਮ-ਕਾਜ ਅਤੇ ਦੇਖ-ਭਾਲ, ਮੌਜੂਦਾ ਸਮੇਂ ਅਤੇ ਭਵਿੱਖ ਵਿੱਚ ਬੁਨਿਆਦੀ ਢਾਂਚੇ ਨੂੰ ਬਦਲਣਾ ਅਤੇ ਕਰਜ਼ਾ ਮੋੜਨਾ ਸ਼ਾਮਲ ਹਨ।
▲ ਵਾਟਰਵਰਕਸ ਅਤੇ ਸੈਨੀਟਰੀ ਸੀਵਰੇਜ 2017 ਵਿੱਚ ਇੱਕ ਦਰਮਿਆਨੇ ਇਕੱਲੇ ਪਰਿਵਾਰ ਦੀ ਪਾਣੀ ਦੀ ਵਰਤੋਂ (224 $m^3$) ‘ਤੇ ਆਧਾਰਿਤ ਹੈ।
▪ ਬਾਈਲਾਅ ਲਾਗੂ ਕਰਾਉਣਾ, ਅਤੇ ਕਾਰਪੋਰੇਟ ਤੇ ਪ੍ਰਬੰਧਕੀ ਸੇਵਾਵਾਂ ਸ਼ਾਮਲ ਹਨ।

## ਤੁਹਾਡੇ ਤੋਂ ਟੈਕਸਾਂ ਰਾਹੀਂ ਇੱਕਤਰ ਕੀਤੀ ਰਾਸ਼ੀ ਨਾਲ ਸ਼ਹਿਰ ਦੀਆਂ ਸੇਵਾਵਾਂ ਕਿਵੇਂ ਚਲਦੀਆਂ ਹਨ।

ਇਹ ਚਿਤਰ ਦਰਸਾਉਂਦਾ ਹੈ ਕਿ ਤੁਹਾਡੇ ਵੱਲੋਂ ਦਿੱਤੀ ਰਕਮ ਨੂੰ ਕਿਵੇਂ ਆਪਣੇ ਸ਼ਹਿਰ ਵਿੱਚ ਵੱਖ ਵੱਖ ਸੇਵਾਵਾਂ ਅਤੇ ਸਹੂਲਤਾਂ ਨੂੰ ਚਲਾਉਣ ਲਈ ਵੰਡਿਆ ਜਾਂਦਾ ਹੈ।

ਟੈਕਸ ਡਾਲਰ 2018 ਦੇ ਬੱਜਟ ਵਿੱਚ ਮਿਥੇ ਮਿਉਂਸਿਪਲ ਟੈਕਸਾਂ (ਸਿਟੀ/ਪੁਲਿਸ/ਲਾਇਬਰੇਰੀ) ‘ਤੇ ਆਧਾਰਿਤ ਹਨ ਜਿਹੜੇ $429,000 ਦੀ ਪ੍ਰਾਪਰਟੀ ਅਸੈਸਮੈਂਟ ਵਾਲੇ ਇੱਕ ਆਮ ਇਕੱਲੇ ਪਰਿਵਾਰ ਵਾਲੇ ਘਰ ਤੇ ਲਾਗੂ ਹੋਣਗੇ। (ਇਹਨਾਂ ਵਿੱਚ ਸਕੂਲਾਂ, ਹਸਪਤਾਲ ਅਤੇ ਐਫ ਵੀ ਆਰ ਡੀ ਲਈ ਟੈਕਸ ਸ਼ਾਮਲ ਨਹੀਂ ਹਨ)।

ਸੀਵਰੇਜ ਅਤੇ ਪਾਣੀ ਦੇ ਬਿਲ ਸੇਵਾਵਾਂ ਵਰਤਣ ਵਾਲੇ ਵਸਨੀਕਾਂ ਨੂੰ ਦੋ ਮਹੀਨਿਆਂ ਬਾਅਦ ਸਿੱਧੇ ਭੇਜੇ ਜਾਂਦੇ ਹਨ।ਇਹ ਸਾਲਾਨਾ ਟੈਕਸ ਨੋਟਿਸ ਵਿੱਚ ਸ਼ਾਮਲ ਨਹੀਂ ਕੀਤੇ ਜਾਂਦੇ।

# ਸਿਟੀ ਵਿਖੇ ਕੀ ਕੁਝ ਨਵਾਂ ਹੈ 2018 ਮਈ

abbotsford.ca

## ਟੈਕਸ ਦੇਣ ਦੀ ਮਿਤੀ ਜੁਲਾਈ ਜੁਲਾਈ 4, 2018 ਹੈ।

ਕੈਨੇਡਾ ਪੋਸਟ ਦੀਆਂ ਮੋਹਰਾਂ ਟੈਕਸ ਦੇਣ ਦੀ ਮਿਤੀ ਦੇ ਤੌਰ ਤੇ ਸਵੀਕਾਰ ਨਹੀਂ ਕੀਤੀਆਂ ਜਾਂਦੀਆਂ। ਇਸ ਲਈ ਕ੍ਰਿਪਾ ਕਰਕੇ ਡਾਕ ਰਾਹੀਂ ਚੈੱਕ ਭੇਜਣ ਸਮੇਂ ਇਸਦੇ ਪਹੁੰਚਣ ਵਿੱਚ ਲੱਗਣ ਵਾਲੇ ਸਮੇਂ ਨੂੰ ਵੀ ਮਿਤੀ ਵਿੱਚ ਸ਼ਾਮਲ ਕਰੋ। ਸਿਟੀ ਹਾਲ ਵਿਖੇ ਡਰੌਪ ਬੌਕਸ ਵੀ ਉਪਲਬਧ ਹਨ ਜਿਹੜੇ ਰੋਜ਼ਾਨਾ ਖਾਲੀ ਕੀਤੇ ਜਾਂਦੇ ਹਨ।

## ਔਨਲਾਈਨ ਵਧੇਰੇ ਆਸਾਨ ਹੈ!

ਆਪਣੇ ਔਨਲਾਈਨ ਬੈਂਕਿੰਗ ਸਿਸਟਮ ਰਾਹੀਂ ਸਿਟੀ ਨੂੰ ਇੱਕ ਬਿਲ ਲੈਣ ਵਾਲਾ ਬਣਾਓ।

ਤੁਸੀਂ ਆਪਣੀ ਹੋਮ ਓਨਰ ਗਰਾਂਟ abbotsford.ca/hog 'ਤੇ ਜਾ ਕੇ ਔਨਲਾਈਨ ਵੀ ਕਲੇਮ ਕਰ ਸਕਦੇ ਹੋ।

**ਧਿਆਨ ਰੱਖੋ ਕਿ ਇਸ ਸਾਲ ਵਿੱਤੀ ਸੰਸਥਾਵਾਂ ਤੁਹਾਡੀ ਹੋਮ ਓਨਰ ਗਰਾਂਟ ਸਵੀਕਾਰ ਨਹੀਂ ਕਰਨਗੀਆਂ।**

## ਕੀ ਤੁਸੀਂ ਜਾਣਦੇ ਹੋ?

ਸਿਟੀ ਨੇ ਇੱਕ ਨਵਾਂ ਵਾਟਰ ਪੋਰਟਲ ਤਿਆਰ ਕੀਤਾ ਹੈ ਜਿੱਥੇ ਵਸਨੀਕ ਆਪਣੀ ਪਾਣੀ ਦੀ ਵਰਤੋਂ ਨੂੰ ਦੇਖ ਅਤੇ ਇਸਤੇ ਨਿਗਾ ਰੱਖ ਸਕਦੇ ਹਨ! ਇਸਨੂੰ ਦੇਖਣ ਲਈ **abbotsford.ca/mycity** ਤੇ ਜਾਓ। ਇਹ ਮੁਫਤ ਹੈ!

ਅਸੀਂ **1,500** ਤੋਂ ਜ਼ਿਆਦਾ ਬਿਲਡਿੰਗ ਪਰਮਿਟ ਜਾਰੀ ਕੀਤੇ ਜਿਹਨਾਂ ਦੀ ਕੀਮਤ $480 ਮਿਲੀਅਨ ਡਾਲਰ ਹੈ, ਜਿਹੜਾ ਇੱਕ ਰਿਕਾਰਡ ਹੈ ਅਤੇ 2016 ਨਾਲੋਂ 92% ਵਧੇਰੇ ਹੈ।

ਸਿਟੀ ਨੇ **505,075** ਲੋਕਾਂ ਲਈ **160** ਤੋਂ ਵੱਧ ਆਊਟਡੋਰ ਭਾਈਚਾਰਕ ਸਮਾਗਮ ਆਯੋ- ਜਤ ਕੀਤੇ ਜਿਸ ਨਾਲ **17** ਮਿਲੀਅਨ ਡਾਲਰਾਂ ਤੋਂ ਵੱਧ ਦਾ ਆਰਥਿਕ ਫਾਇਦਾ ਹੋਇਆ।

## @ABBOTSFORD ਐਪ ਹਾਸਲ ਕਰੋ!

ਸਾਡੀ ਨਵੀਂ ਐਪ ਤੁਹਾਨੂੰ ਆਪਣੇ ਸ਼ੈਲਫੋਨ ਰਾਹੀਂ ਸਾਡੇ ਨਾਲ ਜੁੜੇ ਰਹਿਣ ਵਿੱਚ ਮੱਦਦ ਕਰਦੀ ਹੈ। ਰੈਕਰੀਏਸ਼ਨ ਸੈਂਟਰਾਂ ਦੇ ਸਮੇਂ ਜਾਣਨ, ਕਿਸੇ ਮਸਲੇ ਬਾਰੇ ਸੂਚਨਾ ਦੇਣ, ਸੜਕ ਦੇ ਕੰਢੇ ਤੋਂ ਗਾਰਬੇਜ ਚੁੱਕਣ ਦੇ ਸਮੇਂ, ਪਾਰਕ ਟਰੇਲਾਂ ਅਤੇ ਹੋਰ ਕਈ ਤਰਾਂ ਦੀ ਜਾਣਕਾਰੀ ਲੈਣ ਲਈ ਇਸਦੀ ਵਰਤੋਂ ਕਰੋ। ਇਸਨੂੰ ਐਫ ਸਟੋਰ ਜਾਂ ਗੂਗਲ ਪਲੇ ਤੋਂ ਮੁਫਤ ਡਾਊਨਲੋਡ ਕਰੋ।

## ਬਾਹਰ ਅੱਗ ਬਾਲਣ ਦੀ ਮਨਾਹੀ

ਸਾਰੇ ਸ਼ਹਿਰ ਵਿੱਚ 1 **ਜੂਨ ਤੋਂ** 30 **ਸਤੰਬਰ** ਤੱਕ ਬਾਹਰ ਅੱਗ ਬਾਲਣ ਦੀ ਮਨਾਹੀ ਲਾਗੂ ਹੈ। ਇਸ ਵਿੱਚ ਸਾਰੇ ਪੇਂਡੂ ਇਲਾਕੇ ਸ਼ਾਮਲ ਹਨ। ਸ਼ਹਿਰੀ ਇਲਾਕਿਆਂ ਵਿੱਚ ਕਿਸੇ ਵੀ ਸਮੇਂ ਬਾਹਰ ਅੱਗ ਬਾਲਣ ਦੀ ਇਜਾਜ਼ਤ ਨਹੀਂ ਹੈ। ਅੱਗ ਬਾਲਣ ਤੋਂ ਪਹਿਲਾਂ ਪਤਾ ਕਰੋ ਅਤੇ ਵਧੇਰੇ ਜਾਣਕਾਰੀ ਲਈ ਦੇਖੋ **abbotsford.ca/fire**

## ਕਾਗਜ਼-ਰਹਿਤ ਬਣੋ!

ਈਬਿਲਿੰਗ ਰਾਹੀਂ ਤੁਹਾਡੇ ਟੈਕਸ ਅਤੇ ਯੂਟਿਲਿਟੀ ਦੇ ਬਿਲ ਸਿੱਧੇ ਤੁਹਾਡੇ ਈਮੇਲ ਦੇ ਇਨਬਾਕਸ ਵਿੱਚ ਜਾਂਦੇ ਹਨ। ਇਹ ਤੁਹਾਡੇ ਲਈ ਵਧੇਰੇ ਸੌਖਾ ਹੈ ਅਤੇ ਦਰਖਤਾਂ ਲਈ ਵੀ ਚੰਗਾ ਹੈ! ਅੱਜ ਹੀ **abbotsford.ca/mycit** 'ਤੇ ਜਾਓ।

## ਕੀ ਤੁਸੀਂ ਜਾਣਦੇ ਹੋ?

ਐਬਟਸਫੋਰਡ ਫਾਇਰ ਬਚਾਓ ਸੇਵਾਵਾਂ ਨੇ 2017 ਵਿੱਚ ਅੱਗ ਲੱਗਣ ਤੇ ਹੰਗਾਮੀ ਹਾਲਤ ਵਿੱਚ ਬਚਾਓ ਕਰਨ ਲਈ 9,000 ਤੋਂ ਵੱਧ ਘਟਨਾਵਾਂ ਤੇ ਹਾਜ਼ਰੀ ਦਿੱਤੀ, ਅਤੇ ਇਸ ਤਰਾਂ 5 ਸਾਲਾਂ ਵਿੱਚ 49% ਦਾ ਵਾਧਾ ਦਰਜ ਕੀਤਾ।

ਪਿਛਲੇ ਸਾਲ ਸਾਡੇ ਰੈਕਰੀਏਸ਼ਨ ਸੈਂਟਰਾਂ ਵਿੱਚ ਹਰ ਮਹੀਨੇ 100,000 ਤੋਂ ਵੱਧ ਵਿਅਕਤੀਆਂ ਨੇ ਸੇਵਾਵਾਂ ਲਈਆਂ! ਗਰਮੀਆਂ ਦੌਰਾਨ ਸੇਵਾਵਾਂ ਦੇ ਸਮੇਂ ਬਾਰੇ ਜਾਣਨ ਲਈ abbotsford.ca/prc ਤੇ ਜਾਓ।

1.4 ਮਿਲੀਅਨ ਤੋਂ ਜ਼ਿਆਦਾ ਲੋਕ ਸਾਡੀ ਵੈੱਬਸਾਈਟ abbotsford.ca ਤੇ ਗਏ। ਅਸੀਂ ਟਵਿਟਰ, ਫੇਸਬੁੱਕ ਅਤੇ ਇਨਸਟਾਗਰਾਮ 'ਤੇ ਵੀ ਮੌਜੂਦ ਹਾਂ। ਅਸੀਂ ਤੁਹਾਡਾ ਸਵਾਗਤ ਕਰਾਂਗੇ।

20 ਅਕਤੂਬਰ ਮਿਊਨਸੀਪਲ ਚੋਣ ਦਾ ਦਿਨ ਹੈ। ਐਬਟਸਫੋਰਡ ਦੀ ਪ੍ਰਓਵਿੰਚਲ ਸਰਕਾਰ ਦੀ ਵੋਟਰ ਸੂਚੀ ਇਸਤੇਮਾਲ ਕਰਦਾ ਹੈ। **elections.bc.ca/register-to-vote** ਤੇ ਸਾਇਨਿ ਅਪ ਕਰੋ!

VOTERS LIST

### ਸਾਲਾਨਾ ਟੈਕਸ ਬਿਲ ਵਿੱਚ **2018 ਦੇ ਕੁੱਲ ਚਾਰਜਾਂ** ਵਿੱਚ ਇਹ ਸ਼ਾਮਲ ਹਨ:

- ਹਸਪਤਾਲਾਂ, ਸਿਹਤ ਸੰਭਾਲ
- ਰਿਜਨਲ ਪਾਰਕ
- ਜਾਨਵਰਾਂ ਤੇ ਕਾਬੂ

ਖੇਤਰੀ ਜ਼ਿਲ੍ਹੇ **4%**

ਬੀ ਸੀ ਸਰਕਾਰ **1%**

- ਪ੍ਰਾਪਰਟੀ ਅਸੈਸਮੈਂਟਾਂ
- ਮਿਊਨਿਸਿਪਲ ਕਰਜ਼ਾ ਸੇਵਾਵਾਂ

SCHOOL TAX **28%**

ਸਿਟੀ ਆਫ ਐਬਟਸਫੋਰਡ **67%**

- ਪੁਲਿਸ ਅਤੇ ਅੱਗ ਤੋਂ ਬਚਾਓ
- ਸੜਕਾਂ ਦੀ ਦੇਖ-ਰੇਖ, ਮੁਰੰਮਤ ਅਤੇ ਬਰਫ ਹਟਾਉਣੀ
- ਪਾਰਕ, ਪੂਲ, ਲਾਇਬਰੇਰੀਆਂ ਅਤੇ ਕਮਿਊਨਿਟੀ ਸੈਂਟਰ
- ਜਨਤਕ ਟਰਾਂਜ਼ਿਟ
- ਗਾਰਬੇਜ, ਰੀਸਾਈਕਲਿੰਗ ਅਤੇ ਕੰਪੋਸਟ
- ਮੀਂਹ ਦੇ ਪਾਣੀ ਦਾ ਨਿਕਾਸ-ਪ੍ਰਬੰਧ

## ਜ਼ਿੰਦਗੀ ਕਿਵੇਂ ਚੱਲ ਰਹੀ ਹੈ?

ਐਬਟਸਫੋਰਡ ਨੇ ਕੁਆਲਿਟੀ ਆਫ ਲਾਈਫ ਪ੍ਰੋਗਰਾਮ ਸ਼ੁਰੂ ਕੀਤਾ ਸੀ ਤਾਂ ਜੋ ਇਹ ਪਤਾ ਲੱਗ ਸਕੇ ਕਿ ਇੱਕ ਨਾਗਰਿਕ ਦੇ ਸਮੁੱਚੇ ਜੀਵਨ ਪੱਧਰ ਨੂੰ ਬਣਾਉਣ ਵਿੱਚ ਕਿਹੜੇ ਪਹਿਲੂ ਯੋਗਦਾਨ ਪਾਉਂਦੇ ਹਨ। ਤੁਹਾਡੇ ਵੱਲੋਂ ਦਿੱਤੀ ਜਾਣਕਾਰੀ ਨਵੇਂ ਪ੍ਰੋਗਰਾਮ, ਸੇਵਾਵਾਂ ਅਤੇ ਸਹੂਲਤਾਂ ਵਿਕਸਤ ਕਰਨ ਵਿੱਚ ਸਾਡੀ ਸਹਾਇਤਾ ਕਰੇਗੀ। ਮਈ ਦੇ ਮਹੀਨੇ ਸਾਡੇ ਸਰਵੇਖਣ abbotsford.ca/qol ਵਿੱਚ ਹਿੱਸਾ ਲੈ ਕੇ ਦੱਸੋ ਕਿ ਤੁਸੀਂ ਕੀ ਸੋਚਦੇ ਹੋ।

ਇਸ ਵਾਰ ਬਸੰਤ ਰੁੱਤ ਵਿੱਚ ਕਾਫੀ ਮੀਂਹ ਪਏ ਹਨ, ਪਰ ਪਾਣੀ ਦੇਣ ਦੀਆਂ ਪਾਬੰਦੀਆਂ ਪਹਿਲਾਂ ਵਾਂਗ ਹੀ ਹਨ! ਇਹ ਪਾਬੰਦੀਆਂ, ਬਸੰਤ ਰੁੱਤ ਦੀਆਂ ਬਾਰਿਸ਼ਾਂ ਅਤੇ ਪਹਾੜੀਆਂ 'ਤੇ ਜਮ੍ਹਾਂ ਹੋਈ ਬਰਫ ਨਾਲ ਮਿਲਕੇ, ਝੀਲ ਦੇ ਪੱਧਰ ਨੂੰ ਉੱਚਾ ਰੱਖਣਗੀਆਂ, ਅਤੇ ਜੇ ਗਰਮੀਆਂ ਵਿੱਚ ਜ਼ਿਆਦਾ ਗਰਮੀ ਪਈ ਤਾਂ ਸਾਨੂੰ ਸਟੇਜ 2 ਦੀ ਲੋੜ ਨਹੀਂ ਪਵੇਗੀ। ਪਾਣੀ ਦੀ ਸੰਭਾਲ ਅਤੇ ਬੱਚਤ ਕਰਨ ਲਈ ਧੰਨਵਾਦ!

ਪਾਣੀ ਦੀ ਸੰਭਾਲ ਬਾਰੇ ਹੋਰ ਜਾਣਕਾਰੀ ਲੈਣ ਲਈ: **ourwatermatters.ca**

## ਪਾਣੀ ਦੇਣ ਦੀਆਂ ਪਾਬੰਦੀਆਂ 1 ਮਈ ਤੋਂ ਸ਼ੁਰੂ ਹਨ

**ਲਾਅਨ: ਕੇਵਲ 2 ਦਿਨ**

ਦੋ 'ਤੇ ਵੰਡੇ ਜਾ ਸਕਣ ਵਾਲੇ ਘਰਾਂ ਦੇ ਪਤੇ ਬੁੱਧਵਾਰ ਤੇ ਸ਼ਨੀਵਾਰ
ਟਾਂਕ ਪਤੇ ਵਾਲੇ ਘਰ ਵੀਰਵਾਰ ਤੇ ਐਤਵਾਰ

**ਸਵੇਰੇ ਕੇਵਲ 6 ਵਜੇ-8 ਵਜੇ ਦੇ ਦਰਮਿਆਨ**

**ਗਾਰਡਨ: ਜਦੋਂ ਲੋੜ ਹੋਵੇ**

ਫੁੱਲ • ਸਬਜ਼ੀਆਂ • ਦਰਖਤ • ਝਾੜੀਆਂ

## ਆਪਣੇ ਸ਼ਹਿਰ ਬਾਰੇ ਤਾਜ਼ਾ ਜਾਣਕਾਰੀ ਲਵੋ

abbotsford.ca | @City_Abbotsford | @Mayorhenrybraun | @AbbotsfordEcDev | @yxxairport | facebook.com/CityOfAbbotsford | @CityofAbbotsfordEvents | @abbotsfordecdev